Email : lokbani08@gmail.com

dailylokbani

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

ਵੀਰਵਾਰ, 9 ਫਰਵਰੀ, 2023

## ਵੀਰਵਾਰ ਸਪੈਸ਼ਲ



# ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ

ਪਾਣੀ ਕੁਦਰਤ ਦਾ ਅਨਮੋਲ ਤੋਹਫ਼ਾ ਤੇ ਜੀਵਨ ਦਾ ਮੂਲ ਅਧਾਰ ਹੈ।ਇਹ ਸਾਡੀ ਜੀਵਨ ਰੇਖਾ ਹੈ।ਪਾਣੀ ਤੋਂ ਬਿਨਾਂ ਧਰਤੀ @ਤੇ ਜੀਵਨ ਅਸੰਭਵ ਹੈ।ਸਾਡੇ ਸਰੀਰ ਦਾ ਦੋ ਤਿਹਾਈ ਹਿੱਸਾ ਪਾਣੀ ਹੈ, ਸਰੀਰ ਦੇ ਅੱਸੀ ਫੀਸਦੀ ਭਾਗ ਵਿੱਚ ਪਾਣੀ ਹੈ।ਇੱਕ ਮਨੁੱਖ ਕਰੀਬ 20 ਦਿਨ ਤੱਕ ਭੋਜਨ ਤੋਂ ਬਿਨਾਂ ਤਾਂ ਰਹਿ ਸਕਦਾ ਹੈ ਪਰ ਪਾਣੀ ਤੋਂ ਬਿਨਾਂ ਤਿੰਨ ਚਾਰ ਦਿਨ ਤੋਂ ਵੱਧ ਜੀਉਣਾ ਮੁਸ਼ਕਿਲ ਹੈ। ਮਨੁੱਖੀ ਸਰੀਰ ਵਿੱਚ ਪਾਣੀ ਦਾ ਮਹੱਤਵ ਬਹੁਤ ਜਿਆਦਾ ਹੈ।ਹਾਰਮੋਨ ਬਣਾਉਣ ਲਈ ਦਿਮਾਗ ਨੂੰ ਪਾਣੀ ਦੀ ਲੋੜ ਹੁੰਦੀ ਹੈ।ਸਰੀਰ ਵਿੱਚ ਪਾਚਨ ਕਿਰਿਆ ਲਈ ਜ਼ਰੂਰੀ ਥੁੱਕ ਵੀ ਪਾਣੀ ਨਾਲ ਬਣਦਾ ਹੈ।ਪਾਣੀ ਸਰੀਰ ਵਿੱਚ ਤਾਪਮਾਨ ਦਾ ਲੈਵਲ ਨਿਯੰਤਰਿਤ ਕਰਦਾ ਹੈ।ਸਰੀਰ ਵਿੱਚੋਂ ਵਿਸ਼ੈਲੇ ਪਦਾਰਥ ਤੇ ਗੰਦਗੀ ਦਾ ਨਿਕਾਸ ਵੀ ਪਾਣੀ ਹੀ ਕਰਦਾ ਹੈ।ਹੱਡੀਆਂ ਦੇ ਜੋੜਾਂ ਵਿੱਚ ਚਿਕਨਾਹਟ ਅਤੇ ਚਮੜੀ ਨੂੰ ਨਮੀ ਵੀ ਪਾਣੀ ਨਾਲ ਮਿਲਦੀ ਹੈ।ਸਰੀਰ ਦੇ ਸੈੱਲ ਪਾਣੀ ਦੇ ਲੈਵਲ ਦੇ ਹਿਸਾਬ ਨਾਲ ਵਧਦੇ ਹਨ ਅਤੇ ਨਵੇਂ ਬਣਦੇ ਹਨ।ਸਰੀਰ ਵਿੱਚ ਆਕਸੀਜਨ ਦੀ ਜ਼ਰੂਰੀ ਮਾਤਰਾ ਬਣਾਏ ਰੱਖਣ ਲਈ ਪਾਣੀ ਜ਼ਰੂਰੀ ਹੈ।ਤਾਂ ਹੀ ਤਾਂ ਕਹਿੰਦੇ ਹਨ ਕਿ ਪਾਣੀ ਹੈ ਤਾਂ ਪ੍ਰਾਣੀ ਹੈ ਨਹੀਂ ਤਾਂ ਖਤਮ ਕਹਾਣੀ ਹੈ।ਇਸ ਧਰਤੀ @ਤੇ ਪਹਿਲੀ ਵਾਰ ਜੀਵਨ ਪਾਣੀ ਵਿੱਚ ਹੀ ਧੜਕਿਆ ਸੀ।ਧਰਤੀ ਦਾ ਜੋ ਸੁਹੱਪਣ ਹੈ ਉਸ ਦਾ ਭੇਦ ਵੀ ਇਸ ਪਾਣੀ ਵਿੱਚ ਛੁਪਿਆ ਹੋਇਆ ਹੈ।ਪਾਣੀ ਨਾਲ ਹੀ ਇਥੇ ਜੰਗਲ, ਬਨਸਪਤੀ ਤੇ ਹੋਰ ਫੁੱਲ ਬੂਟੇ ਆਪਣੀ ਸੁੰਦਰਤਾ ਬਿਖੇਰਦੇ ਹਨ।

ਵਿਸ਼ਵ ਜਲ ਦਿਵਸ, 22 ਮਾਰਚ ਨੂੰ ਮਨਾਇਆ ਜਾਂਦਾ ਹੈ। ਇਸਦਾ ਮੁੱਖ ਉਦੇਸ਼ ਵਿਸ਼ਵ ਦੇ ਸਾਰੇ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਸਾਫ ਅਤੇ ਸੁਰੱਖਿਅਤ ਜਲ ਦੀ ਉਪਲਭਧਤਾ ਤੇ ਪਾਣੀ ਨਾਲ ਸੰਬੰਧਿਤ ਚੁਣੌਤੀਆਂ ਨੂੰ ਲੈ ਕੇ ਲੋਕਾਂ ਵਿੱਚ ਜਾਗਰੂਕਤਾ ਵਧਾਉਣਾ ਹੈ।ਰਿਓ ਡੀ ਜਨੇਰੀਓ ਵਿਖੇ ਸਾਲ 1992 ਵਿੱਚ ਸੰਯੁਕਤ ਰਾਸ਼ਟਰ ਦੀ ਵਾਤਾਵਰਣ ਤੇ ਵਿਕਾਸ ਸੰਬੰਧੀ ਕਾਨਫੰਰਸ ਹੋਈ।ਇਸ ਵਿੱਚ ਸ਼ੁੱਧ ਤੇ ਸਾਫ ਪਾਣੀ ਬਚਾਉਣ ਲਈ ਅੰਤਰਰਾਸ਼ਟਰੀ ਪਾਣੀ ਦਿਵਸ ਮਨਾਏ ਜਾਣ ਲਈ ਸਿਫਾਰਸ਼ ਕੀਤੀ ਗਈ ਸੀ ਤੇ ਇਸ ਉਪਰੰਤ

**ਅੱਜ ਦੇਸ਼ ਦਾ 50 ਪ੍ਰਤੀਸ਼ਤ ਹਿੱਸਾ ਸੋਕੇ ਨਾਲ ਪ੍ਰਭਾਵਿਤ ਹੋ ਗਿਆ ਹੈ**



ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ 22 ਮਾਰਚ 1993 ਨੂੰ ਪਹਿਲਾ ਵਿਸ਼ਵ ਪਾਣੀ ਦਿਵਸ ਮਨਾਏ ਜਾਣ ਨੂੰ ਮਾਨਤਾ ਦਿੱਤੀ ਸੀ।

ਹਰ ਸਾਲ ਵਿਸ਼ਵ ਜਲ ਦਿਵਸ ਦਾ ਇੱਕ ਥੀਮ ਰੱਖਿਆ ਜਾਂਦਾ ਹੈ, ਵਿਸ਼ਵ ਜਲ ਦਿਵਸ 2021 ਦਾ ਥੀਮ ਹੈ-ਧਰਤੀ ਹੇਠਲੇ ਛੁਪੇ ਹੋਏ ਪਾਣੀ ਦੇ ਸੋਮਿਆਂ ਦੀ ਭਾਲ ਕਰਨੀ।

ਅੱਜ ਵਿਸ਼ਵ ਪਾਣੀ ਦਿਵਸ ਮੌਕੇ ਪਾਣੀ ਦੇ ਸਰੋਤਾਂ ਨੂੰ ਪ੍ਰਦੂਸ਼ਣ ਤੋਂ ਬਚਾਉਣ ਤੇ ਪਾਣੀ ਦੇ ਧਰਤੀ ਹੇਠਲੇ ਸਰੋਤਾਂ ਨੂੰ ਬਚਾਉਣ ਦਾ ਤਹੱਈਆ ਕਰਨਾ ਜਰੂਰੀ ਹੋ ਗਿਆ ਹੈ।ਭਾਵੇਂ ਦੁਨੀਆਂ ਵਿੱਚ ਇਸ ਦੀ ਸਾਂਭ-ਸੰਭਾਲ ਲਈ ਅਨੇਕਾਂ ਸੰਸਥਾਵਾਂ ਕੰਮ ਕਰ ਰਹੀਆਂ ਹਨ ਤਾਂ ਜੋ ਕੁਦਰਤ ਦੀ ਇਹ ਨਿਆਮਤ ਕਾਇਮ ਰਹੇ।ਪਰ ਅੱਜ ਦੇ ਹਾਲਾਤਾਂ ਨੂੰ ਵੇਖਦਿਆਂ ਇਹ ਸੱਚ ਹੀ ਜਾਪਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਾਣੀ ਨੂੰ ਲੈਕੇ ਵਿਸ਼ਵ ਯੁੱਧ ਹੋਵੇਗਾ।ਇਸ ਅਨਮੋਲ ਦਾਤ ਦੇ ਨਿਰੀਖਣ ਲਈ @ਅਮਰੀਕਨ ਕਲੀਨ ਵਾਟਰ ਫਾਊਂਡੇਸ਼ਨ@ ਨੇ ਸੰਨ 2003 ਵਿੱਚ ਵਿਸ਼ਵ ਜਲ ਨਿਰੀਖਣ ਦਿਵਸ ਮਨਾਉਣਾ ਸ਼ੁਰੂ ਕੀਤਾ।ਇਹ ਸੰਸਥਾ ਪਾਣੀ ਦੇ ਨਮੂਨੇ ਭਰ ਕੇ ਉਨ੍ਹਾਂ ਦੇ ਟੈਸਟ ਕਰਦੀ ਹੈ ਅਤੇ ਸੁਧਾਰ ਲਈ ਯਤਨ ਕਰਦੀ ਹੈ।ਪਾਣੀ ਨੂੰ ਸਾਫ਼ ਰੱਖਣ ਸੰਬੰਧੀ ਅਮਰੀਕੀ ਕਾਂਗਰਸ ਨੇ 1972 ਵਿੱਚ ਇੱਕ ਕਾਨੂੰਨ ਵੀ ਪਾਸ ਕੀਤਾ ਸੀ।ਪਾਣੀ ਦੀ ਕੁਆਲਿਟੀ ਦੀ ਪੱਧਰ ਨੂੰ ਦੇਖਣ ਲਈ ਇਸ ਦਿਨ ਦੁਨੀਆਂ ਦੇ 100 ਤੋਂ ਵੱਧ ਦੇਸ਼ਾਂ ਵਿੱਚ ਪਾਣੀ ਦੀ ਪਰਖ ਕੀਤੀ ਜਾਂਦੀ ਹੈ।

ਧਰਤੀ ਦੇ ਉੱਪਰ ਲਗਭਗ 71 ਪ੍ਰਤੀਸ਼ਤ ਭਾਗ ਪਾਣੀ ਹੈ ਅਤੇ ਇਸ ਵਿਚ 96.5 ਪ੍ਰਤੀਸ਼ਤ ਹਿੱਸੇ ਵਿੱਚ ਮਹਾਸਾਗਰਾਂ ਦਾ ਲੂਣਾਂ ਜਲ ਹੈ ਜੋ ਵਰਤੋਂ ਯੋਗ ਨਹੀਂ ਹੈ।ਬਾਕੀ ਬਚੇ ਤਿੰਨ ਫੀਸਦੀ ਪਾਣੀ ਦੇ ਵੱਖ-ਵੱਖ ਸ੍ਰੋਤ ਹਨ ਜਿਵੇਂ ਝੀਲਾਂ, ਦਰਿਆ, ਬਰਫਾਨੀ ਇਲਾਕੇ ਅਤੇ ਧਰਤੀ ਦੇ ਹੇਠਾਂ।ਇਹ ਬਚਿਆ ਤਿੰਨ ਫੀਸਦੀ ਪਾਣੀ ਮਨੁੱਖੀ ਜਿੰਦਗੀ ਲਈ ਬਹੁਤ ਥੋੜ੍ਹਾ ਹੈ।ਜਿਸਦੀ ਅਸੀ ਅੰਨੇਵਾਹ ਵਰਤੋਂ ਕਰਕੇ ਤਬਾਹੀ ਵੱਲ ਬਹੁਤ ਤੇਜ਼ੀ ਨਾਲ ਵੱਧ ਰਹੇ ਹਾਂ।ਸ਼ੁੱਧ ਅਤੇ ਸਾਫ਼ ਪਾਣੀ ਨੂੰ ਜਿਸ ਤਰ੍ਹਾਂ ਮਨੁੱਖ ਗੰਧਲਾ ਕਰ ਰਿਹਾ ਹੈ ਉਸ ਨੂੰ ਦੇਖਦਿਆਂ ਲਗਦਾ ਹੈ ਕਿ ਸਾਫ਼ ਨਿਰਮਲ ਜਲ ਬਹੁਤੀ ਦੇਰ ਤੱਕ ਨਹੀਂ ਰਹਿ ਸਕੇਗਾ। ਪਾਣੀ ਦੇ ਕੁਦਰਤੀ ਸਰੋਤ ਦਰਿਆ, ਨਦੀਆਂ, ਨਹਿਰਾਂ, ਝੀਲਾਂ ਅਤੇ ਤਲਾਬ ਮਨੁੱਖ ਨੇ ਰੱਜ ਕੇ ਗੰਦੇ ਕਰ ਦਿੱਤੇ। ਅੰਕੜਿਆਂ ਅਨੁਸਾਰ ਹਰ ਦਿਨ ਦੁਨੀਆਂ ਭਰ ਦੇ ਪਾਣੀ ਦੇ ਸ੍ਰੋਤਾਂ ਵਿਚ 20 ਲੱਖ ਟਨ ਸੀਵਰੇਜ, ਉਦਯੋਗਿਕ ਅਤੇ ਖੇਤੀ ਕਚਰਾ ਪਾਇਆ ਜਾਂਦਾ ਹੈ।ਸੰਯੁਕਤ ਰਾਸ਼ਟਰ ਦੇ ਅਨੁਸਾਰ ਹਰ ਸਾਲ 1500 ਟਨ ਕਿਊਸਿਕ ਪਾਣੀ ਬਰਬਾਦ ਹੁੰਦਾ ਹੈ।ਦੁਨੀਆਂ ਭਰ ਦੇ ਵਿੱਚ 2.5 ਲੱਖ ਲੋਕ ਪਾਣੀ ਬਿਨਾਂ ਸਫ਼ਾਈ ਤੋਂ ਹੀ ਵਰਤ ਰਹੇ ਹਨ ਜਾਂ ਉਹਨਾਂ ਵੱਲੋਂ ਪਾਣੀ ਬਰਬਾਦ ਕੀਤਾ ਜਾ ਰਿਹਾ ਹੈ।ਪਾਣੀ ਦੇ ਗੰਧਲੇਪਣ ਦਾ ਇੱਕ ਕਾਰਨ 18 ਫੀਸਦੀ ਜਾਂ 1.2 ਅਰਬ ਲੋਕਾਂ ਨੂੰ ਖੁੱਲ੍ਹੇ ਵਿੱਚ ਹੀ ਸ਼ੌਚ ਜਾਣਾ ਪੈਂਦਾ ਹੈ।ਸਾਡੇ ਅੰਦਰ ਸਾਹ, ਪਾਣੀ ਅਤੇ ਖੁਰਾਕ ਰਾਹੀਂ ਜ਼ਹਿਰ ਜਾ ਰਹੀ ਹੈ।ਕੁਦਰਤ ਨਾਲ ਛੇੜਛਾੜ ਕਾਰਨ ਹੀ ਉਸਦੀ ਕਰੋਪੀ ਵਧ ਰਹੀ ਹੈ, ਬਿਮਾਰੀਆਂ ਵਧ ਰਹੀਆਂ ਹਨ ਤੇ ਰੁੱਤਾਂ ਵਿੱਚ ਬਦਲਾਓ ਆ ਰਹੇ ਹਨ। ਦੁਨੀਆਂ ਵਿੱਚ ਸਾਲਾਨਾ ਹੋਣ ਵਾਲੀਆਂ ਕੁੱਲ ਮੌਤਾਂ ਵਿਚੋਂ 3.1 % ਅਸ਼ੁੱਧ ਪਾਣੀ ਕਾਰਨ ਹੁੰਦੀਆਂ ਹਨ।ਧਰਤੀ ਤੇ ਪਾਣੀ ਦੀ ਘੱਟ ਰਹੀ ਮਾਤਰਾ ਕਾਰਨ ਦੁਨੀਆਂ ਵਿਚ 12 % ਪੰਛੀਆਂ ਦੀਆਂ ਪ੍ਰਜਾਤੀਆਂ ਨੂੰ ਵੀ ਖਤਰਾ ਪੈਦਾ ਹੋ ਚੁੱਕਿਆ ਹੈ। 70 ਦੇਸ਼ਾਂ ਦੇ 14 ਕਰੋੜ ਲੋਕ ਯੂਰੇਨੀਅਮ ਯੁਕਤ ਪਾਣੀ ਪੀਣ ਲਈ ਮਜ਼ਬੂਰ ਹਨ।